ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)

ਪੰਜਾਬ ।

ਮੀਮੋ ਨੰ: 2026 / ਐਨ.ਐਸ.ਕਿਉ.ਐਫ (850736)/ 33239 **/ਮਿਤੀ:** 04/11/2026

ਵਿਸ਼ਾ:- ਸਾਲ 2026-27 ਦੌਰਾਨ 43 ਸਕੂਲਾਂ ਵਿੱਚ ਸਮੱਗਰ ਸਿੱਖਿਆ ਅਭਿਆਨ ਦੀਆਂ NSQF ਅਧੀਨ ਨਵੀਆਂ 50 ਲੈਬਜ਼ ਸਥਾਪਤ ਕਰਨ ਸਬੰਧੀ ਹਦਾਇਤਾਂ ।

ਹਵਾਲਾ:- ਹੁਕਮ ਨੰ: E850736/DGSE-SSA0NSQF/26/2025-SSA-DGSE I/1544806/2026 ਮਿਤੀ, ਐਸ.ਏ.ਐਸ ਨਗਰ: 02/11/2026

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਾਲ ਹੀ ਵਿੱਚ ਸਮੱਗਰ ਸਿੱਖਿਆ ਅਭਿਆਨ ਅਧੀਨ ਸਕੂਲਾਂ ਵਿੱਚ NSQF ਦੇ 50 Lab ਸਥਾਪਤ ਕਰਨ ਲਈ ਆਪ ਦੇ ਜ਼ਿਲ੍ਹੇ ਨੂੰ Tools & Equipment ਦੀ ਗ੍ਰਾਂਟ ਜਾਰੀ ਕੀਤੀ ਗਈ ਹੈ, ਜਿਸ ਸਬੰਧੀ ਜਾਣਕਾਰੀ ਨੱਥੀ **ਅਨੁਲੱਗ 'ੳ'** ਵਿੱਚ ਦਰਜ ਹੈ। ਜਿਹਨਾਂ 50 ਲੈਬਜ਼ ਲਈ ਇਹ ਗ੍ਰਾਂਟ ਭੇਜੀ ਗਈ ਹੈ, ਉਹਨਾਂ ਸਕੂਲਾਂ ਵਿੱਚ ਸੈਸ਼ਨ 2026-27 ਦੌਰਾਨ **ਐਗਰੀਕਲਚਰ, ਅਪੈਰਲ, ਆਟੋਮੋਟਿਵ, ਬਿਊਟੀ ਐਂਡ ਵੈਲਨੈਸ, ਇਲੈਕਟ੍ਰੋਨਿੱਕ, ਬੀ.ਐਫ.ਐਸ.ਆਈ, ਆਈ.ਟੀ, ਰਿਟੇਲ, ਟੂਰਿਜ਼ਮ ਐਂਡ ਹੋਸਪੀਟੈਲਟੀ, ਫੂਡ ਪ੍ਰੋਸੈਸਿੰਗ, ਹੈਲਥ ਕੇਅਰ, ਲੋਜਿਸਟਿਕਸ ਅਤੇ ਕੰਨਸਟਰਕਸ਼ਨ ਟ੍ਰੇਡਾਂ** ਚਲਾਈਆਂ ਜਾਣੀਆਂ ਹਨ। **50** ਲੈਬਜ਼ ਦੀ ਸੂਚੀ ਅਤੇ ਗ੍ਰਾਂਟ ਦੀ **Calculation** ਨਾਲ **ਨੱਥੀ** ਹੈ **(ਅਨੁਲੱਗ'ਅ')।**

2.0 ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਸਕੂਲਾਂ ਵਿੱਚ ਉਕਤ ਟਰੇਡਾਂ ਦੀ ਪ੍ਰੈਕਟੀਕਲ ਸਿਖਲਾਈ ਲਈ Lab setup ਕਰਨ ਲਈ **ਫੰਡਜ਼** ਮਨਜ਼ੂਰ ਕੀਤੇ ਗਏ ਹਨ। Tools & Equipments ਦੀ ਖਰੀਦ SMC ਵੱਲੋਂ ਕੀਤੀ ਜਾਣੀ ਹੈ। ਜਿਸ ਵਿੱਚ ਇੱਕ ਕਮੇਟੀ ਬਣਾ ਕੇ ਵਿੱਤੀ ਨਿਯਮਾਂ ਅਨੁਸਾਰ ਖਰਚਾ ਕੀਤਾ ਜਾਣਾ ਹੈ।

3.0 ਉਕਤ ਮੰਤਵ ਲਈ SMC ਪੱਧਰ ਤੇ 6 ਮੈਂਬਰੀ ਖਰੀਦ (Purchase) ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਵਿੱਚ ਸਕੂਲ ਮੁਖੀ, ਚੇਅਰਮੈਨ SMC, ਇੱਕ ਮਹਿਲਾ ਮੈਂਬਰ, ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ, ਨਾਲ ਦੇ ਕਿਸੇ ਸਕੂਲ ਵਿਖੇ ਤੈਨਾਤ ਵੋਕੇਸ਼ਨਲ ਟ੍ਰੇਨਰ (ਜੋ ਸਬੰਧਤ ਟ੍ਰੇਡ ਦੀ ਮੁਕੰਮਲ ਜਾਣਕਾਰੀ ਰੱਖਦਾ ਹੋਵੇ,) ਅਤੇ ਇੱਕ ਹੋਰ ਸੀਨੀਅਰ ਅਧਿਆਪਕ ਮੈਂਬਰ ਹੋਣਗੇ।

4.0 ਇਹ ਕਮੇਟੀ ਸਮਾਨ ਦੀ ਖਰੀਦ ਲਈ Manual of Financial Management & Procurement (FMP) for Scheme of Samagra Shiksha ਦੇ Chapter No. 7 ਅਨੁਸਾਰ ਕਾਰਵਾਈ ਕਰਕੇ ਸਮਾਨ ਖਰੀਦੇਗੀ। ਇਸ ਚੈਪਟਰ ਦੀ ਕਾਪੀ **ਅਨੁਲੱਗ 'ਇ'** ਤੇ ਨਾਲ ਨੱਥੀ ਹੈ ਜੀ।

5.0 SMC ਵੱਲੋਂ ਬਣਾਈ ਗਈ ਖਰੀਦ ਕਮੇਟੀ ਵੱਲੋਂ ਸਮਾਨ ਦੀ ਖਰੀਦ ਉਕਤ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਬੰਧਤ DEO ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਸਮਾਨ specifications ਅਨੁਸਾਰ ਹੀ ਖਰੀਦਿਆ ਜਾਵੇ। ਮੁੱਖ ਦਫਤਰ ਵੱਲੋਂ ਵੋਕੇਸ਼ਨਲ

ਟ੍ਰੇਨਰਾਂ ਅਤੇ ਵੋਕੇਸ਼ਨਲ ਅਧਿਆਪਕਾਂ ਦੀ ਗਠਿਤ ਕਮੇਟੀ ਵੱਲੋਂ **PSSCIVE Bhopal** ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਸਮਾਨ ਦੀ specifications ਸਮੇਤ **Tradewise 13** ਟ੍ਰੇਡਾਂ ਦੀ ਸੂਚੀ **ਅਨੁਲੱਗ 'ਸ'** ਤੇ ਨਾਲ ਨੱਥੀ ਹੈ।

6.0 ਉਕਤ ਸਮਾਨ ਸਹੀ ਰੇਟ ਤੇ ਅਤੇ ਵਧੀਆ quality ਦਾ ਖਰੀਦਿਆ ਜਾਵੇ ਅਤੇ ਖਰੀਦ ਕੀਤੇ ਜਾ ਰਹੇ ਸਮਾਨ/ਫਰਨੀਚਰ, ਆਦਿ ਦੀ specifications ਅਨੁਸਾਰ ਪਹਿਲਾਂ sample checking ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ specifications ਅਨੁਸਾਰ ਸਮਾਨ ਦੀ ਖਰੀਦ ਕੀਤੀ ਜਾਵੇ।

7.0 ਖਰੀਦੇ ਗਏ ਸਮਾਨ ਦੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਚੈਕਿੰਗ ਕਰਵਾਈ ਜਾਵੇਗੀ ਅਤੇ ਮੁੱਖ ਦਫਤਰ ਦੇ ਕਿਸੇ ਵੀ ਅਧਿਆਕਾਰੀ ਵੱਲੋਂ ਇਸ ਸਮਾਨ ਦੀ ਚੈਕਿੰਗ ਕੀਤੀ ਜਾ ਸਕਦੀ ਹੈ। ਘਟੀਆ ਮਿਆਰ ਦਾ ਸਮਾਨ ਖਰੀਦੇ ਜਾਣ ਤੇ ਜਾਂ specifications ਅਨੁਸਾਰ ਸਮਾਨ ਨਾ ਖਰੀਦੇ ਜਾਣ ਤੇ ਸਬੰਧਤ ਸਕੂਲ ਮੁੱਖੀ ਦੇ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਅਨੁਸ਼ਾਨੀ ਕਾਰਵਾਈ ਕੀਤੀ ਜਾ ਸਕਦੀ ਹੈ।

8.0 ਸਾਰਾ ਸਮਾਨ ਸਕੂਲ ਪੱਧਰ ਤੇ ਬਣੀ SMC ਵੱਲੋਂ ਹੀ ਖਰੀਦਿਆ ਜਾਵੇ ਅਤੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਸਮਾਨ ਦੀ ਖਰੀਦ ਵਿੱਚ quality ਨਾਲ ਸਮਝੌਤਾ ਨਾ ਕੀਤਾ ਜਾਵੇ ਅਤੇ ਉੱਚ ਮਿਆਰ ਵਾਲੀਆਂ ਆਈਟਮਾਂ ਹੀ ਖਰੀਦੀਆਂ ਜਾਣ ਅਤੇ ਵਰੰਟੀ/ਗਰੰਟੀ ਵੀ ਲਈ ਜਾਵੇ, ਕਿਉਂਜੋ ਇਹ ਸਮਾਨ ਕਈ ਸਾਲਾਂ ਤੱਕ ਲੈਬ ਵਿੱਚ ਵਰਤਿਆ ਜਾਣਾ ਹੈ।

9.0 ਇਸ ਸਮਾਨ ਨਾਲ ਲੈਬ ਸੈਟ-ਅੱਪ ਕਰਨ ਲਈ ਸਕੂਲ ਵਿੱਚ ਮੌਜੂਦ ਕਿਸੇ ਇੱਕ ਕਮਰੇ ਨੂੰ ਵੋਕੇਸ਼ਨਲ ਲੈਬ ਦੇ ਤੌਰ ਤੇ ਸਥਾਪਿਤ ਕੀਤਾ ਜਾਵੇ ਅਤੇ ਕਮਰੇ ਦੇ ਬਾਹਰ ਵੋਕੇਸ਼ਲਨ ਲੈਬ (NSQF) ਲਿਖਿਆ ਜਾਵੇ।

10.0 ਜਿਹਨਾਂ **13 ਟਰੇਡਾਂ** ਦੇ ਸਮਾਨ ਦੀ ਖਰੀਦ ਕੀਤੀ ਜਾਣੀ ਹੈ ਉਹਨਾਂ ਦੀ Trade wise Unit Cost ਹੇਠ ਦਿੱਤੇ ਟੇਬਲ ਅਨੁਸਾਰ ਹੈ :-

Sr. no	Trade	No. of Labs	Unit Cost (in Lakhs)	Total Amount (in lakhs)
1	Agriculture	1	2.5	2.5
2	Apparel	2	2.5	5
3	Automotive	1	2.8	2.8
4	Banking, Financial Services & Insurance (BFSI)	3	1.5	4.5
5	Beauty & Wellness	6	2.5	15
6	Construction	2	2.8	5.6
7	Electronics	2	2.2	4.4
8	Food Processing	1	2.2	2.2
9	Healthcare	8	3.1	24.8
10	IT/ITES	13	2.45	31.85
11	Retail	3	2	6
12	Tourism & Hospitality	3	2.14	6.42

13	Logistics	5	2	10
Total		**50**	**30.69**	121.07

11.0 ਜ਼ਿਲ੍ਹਾਵਾਰ ਭੇਜੀ ਗਈ ਗ੍ਰਾਂਟ ਦਾ ਵੇਰਵਾ ਹੇਠ ਦਿੱਤੇ ਟੇਬਲ ਵਿੱਚ ਦਰਜ ਹੈ:-

Sr. no	District	No. of Labs	Total Amount (in lakhs)
1	Amritsar	2	5.25
2	Baranla	1	2.5
3	Bathinda	4	10.85
4	Fathgarh shib	1	2.5
5	Gurdaspur	3	8
6	Jalandhar	1	2.8
7	Ludhina	12	31.4
8	Mansa	4	7.95
9	Phantkot	4	9.54
10	Patiala	9	19.35
11	Rupnagar	4	9.89
12	Sangur	5	11.04
Total		**50**	**121.07**

12.0 ਸਕੂਲਾਂ ਵਿੱਚ ਲੈਬਜ਼ ਲਈ ਖਰੀਦੇ ਜਾਣ ਵਾਲੇ ਸਮਾਨ ਵਿੱਚ ਜੋ ਕੰਪਿਊਟਰਾਂ ਦੀ ਖਰੀਦ ਕੀਤੀ ਜਾਣੀ ਹੈ, ਉਹਨਾਂ ਦੀ **3 ਸਾਲ ਦੀ ਵਰੰਟੀ** ਸਮੇਤ ਖਰੀਦ ਕਰਨੀ ਯਕੀਨੀ ਬਣਾਈ ਜਾਵੇ।

13.0 ਖਰੀਦੇ ਗਏ ਸਮਾਨ ਦਾ ਇੰਦਰਾਜ਼ ਸਕੂਲ ਦੇ ਸਟਾਕ ਰਿਜਸਟਰ ਵਿੱਚ ਕੀਤਾ ਜਾਵੇ ।

14.0 ਜੇਕਰ ਕੋਈ ਫਰਮ ਬਿਨਾਂ GST ਨੰਬਰ ਦੇ ਜਾਂ ਬਿਨਾਂ ਕਿਸੇ ਨਾਮ ਅਤੇ ਪੱਕੇ ਪਤੇ (Premanent address) ਦੇ ਸਮਾਨ ਸਪਲਾਈ ਕਰਦੀ ਹੈ ਤਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਉਸ ਫਰਮ ਨੂੰ ਬਲੈਕ ਲਿਸਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

15.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ **ਅਨੁਲੱਗ 'ਓ' ਅਤੇ 'ਅ'** ਅਨੁਸਾਰ ਜਾਰੀ ਕੀਤੀ ਗਈ ਰਾਸ਼ੀ ਜ਼ਿਲ੍ਹਾ/ਸਕੂਲ ਵਿਖੇ ਪ੍ਰਾਪਤ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹਰ ਹਾਲ ਵਿੱਚ ਲੈਬ ਸੈਟ-ਅੱਪ ਕਰ ਲਈ ਜਾਵੇ। ਇਸ ਦਾ ਵਰਤੋਂ ਸਰਟੀਫਿਕੇਟ ਗ੍ਰਾਂਟ ਖਰਚ ਕਰਨ ਉਪਰੰਤ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਮਿਤੀ **31-12-2026** ਤੱਕ ਜਮ੍ਹਾ ਕਰਵਾਇਆ ਜਾਵੇ। ਅਤੇ **Prabandh** portal ਤੇ ਵੀ ਨਾਲ ਹੀ upload ਕੀਤਾ ਜਾਵੇ। ਕਿਸੇ ਵੀ ਕਿਸਮ ਦੀ ਉਣਤਾਈ ਸਾਹਮਣੇ ਆਉਣ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ। ਜੇਕਰ ਆਪ ਦੇ ਜ਼ਿਲ੍ਹੇ ਨੂੰ ਉਕਤ ਦਰਸ਼ਾਏ ਅਨੁਸਾਰ

ਰਾਸ਼ੀ ਪ੍ਰਾਪਤ ਨਹੀ ਹੁੰਦੀ ਹੈ ਤਾਂ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਫੋਨ ਤੇ ਰਾਬਤਾ ਕਾਇਮ ਕੀਤਾ ਜਾਵੇ।

16.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਪੱਧਰ ਤੇ ਇਹਨਾਂ 50 ਲੈਬਜ਼ ਵਿੱਚ ਲੈਬ ਸੈਟ-ਅੱਪ ਦੀ ਮੋਨੀਟਰਿੰਗ ਕੀਤੀ ਜਾਵੇ। ਸਬੰਧਤ ਜ਼ਿਲ੍ਹੇ ਦੇ ਅਧਿਕਾਰੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਭਾਗ ਵੱਲੋਂ ਸਮਾਨ ਦੀ ਖਰੀਦ ਬਾਰੇ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕੇਵਲ ਉਹਨਾਂ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਜਾਵੇ। ਜੇਕਰ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਇਸ ਨੂੰ ਤੁਰੰਤ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

17.0 ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਸਕੂਲ ਵਿੱਚ ਲੈਬ ਸੈਟ-ਅਪ ਨਹੀਂ ਹੋਵੇਗੀ, ਉਸ ਸਕੂਲ ਦੇ NSQF ਦੇ ਵਿਦਿਆਰਥੀਆਂ ਦੀ **SSC** ਵੱਲੋਂ ਪ੍ਰੈਕਟੀਕਲ assessment ਨਹੀਂ ਕੀਤੀ ਜਾਵੇਗੀ। ਅਜਿਹੀ ਸਥਿਤੀ ਵਿੱਚ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।

18.0 ਉਪਰੋਕਤ ਅਨੁਸਾਰ ਜਾਰੀ ਕੀਤੇ ਗਏ ਫੰਡਜ਼ ਦੀ ਆਨਲਾਈਨ monitoring ਲਈ ਖਰਚਾ Prabandh Portal ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

19.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਸਹਾਇਕ ਡਾਇਰੈਕਟਰ (NSQF)

ਨੱਥੀ:-

1. District wise allocation of funds with calculation. (ਅਨੁਲੱਗ 'ੳ')
2. List of **50** labs with allocated Trade and allocated amount (ਅਨੁਲੱਗ 'ਅ')
3. Copy of Manual of Financial Management & Procurement (FMP) for Scheme of Samagra Shiksha. (ਅਨੁਲੱਗ 'ਏ')
4. Trade wise Specifications of Tools & Equipment List of items for **13** trades. (ਅਨੁਲੱਗ 'ਸ')

ਦਫਤਰ ਸਟੇਟ ਪ੍ਰੋਜੈਕਟ ਡਾਇਰੈਕਟਰ,ਐਸ.ਐਸ.ਏ. ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ, 5ਵੀ ਮੰਜਿਲ, ਬਲਾਕ-ਈ, ਫੇਸ-8 ਅਜੀਤਗੜ੍ਹ

E-mail ID: financessa@punjabeducation.gov.in

ਹੁਕਮ ਨੰ:E-850736/DGSE-SSA0NSQF/6/2025-SSA-DGSE I/1544806/2026

ਮਿਤੀ, ਐਸ.ਏ.ਐਸ ਨਗਰ:-02/11/2026

ਪੰਜਾਬ ਵਿੱਤੀ ਨਿਯਮਾਵਲੀ ਜਿਲਦ-1 ਦੇ ਨਿਯਮ 19.6 ਦੇ ਲੜੀ ਨੰ 1 ਅਨੁਸਾਰ EDS-47 Samagra Shiksha Scheme (SE) ਸਕੀਮ ਅਧੀਨ PAB ਸਾਲ 2026-27 ਵਿੱਚ ਪ੍ਰਵਾਨਤ ਗਤੀਵਿਧੀ Secondary Head ਦੇ Recurring Support VE - New - Tool Equipment & Furniture (New) (C7056) ਦੇ ਫੰਡ ਨੂੰ ਖਰਚ ਕਰਨ ਦੀ ਵਿੱਤੀ ਪ੍ਰਵਾਨਗੀ ਜਾਰੀ ਕੀਤੀ ਜਾਂਦੀ ਹੈ। ਹੇਠ ਦਰਸਾਏ ਗਏ ਟੇਬਲ ਅਨੁਸਾਰ ਜਿਲਾ ਸਿਖਿਆ ਅਫਸਰ (ਐ.ਸਿ) ਦੇ DDO Id ਵਿੱਚ ਬਜਟ ਰਲੀਜ ਕੀਤਾ ਗਿਆ ਹੈ।

Recurring Support VE - New - Tool Equipment & Furniture (New) (C7056)			
Sr.No.	District Name	DDO Id	Amount (IN RS)
0	1	2	3
Head- 2202-02-113-01-05-36 Grant-in-Aid Non-Salary			
1	Amritsar	SNASPD0026	525000
2	Barnala	SNASPD0027	250000
3	Bathinda	SNASPD0028	1085000
4	Faridkot	SNASPD0029	0
5	Fategarh Sahib	SNASPD0030	250000
6	Fazilka	SNASPD0031	0
7	Ferozepur	SNASPD0032	0
8	Gurdaspur	SNASPD0033	800000
9	Hoshiarpur	SNASPD0034	0
10	Jalandhar	SNASPD0035	280000
11	Kapurthala	SNASPD0036	0
12	Ludhiana	SNASPD0037	3140000
13	Mansa	SNASPD0039	795000
14	Malerkotla	SNASPD0038	0
15	Moga	SNASPD0040	0
16	SAS Nagar	SNASPD0041	0
17	SBS Nagar	SNASPD0043	0
18	Shri Muktsar Sahib	SNASPD0042	0

19	Pathankot	SNASPD0044	954000
20	Patiala	SNASPD0045	1935000
21	Ropar	SNASPD0046	989000
22	Sangrur	SNASPD0047	1104000
23	Tarn Taran	SNASPD0048	0
Total Amount			**12107000**

ਇਹ ਖਰਚਾ ਲੇਖਾ ਮੱਦ Head- 2202-02-113-01-05-36 (Grant-in-Aid Non-Salary) Amount-1,21,07,000/- ਅਧੀਨ ਵਿੱਤੀ ਸਾਲ 2026-27 ਵਿੱਚ ਜਾਰੀ ਹੋਏ ਬਜਟ ਵਿਚੋ ਕੀਤਾ ਗਿਆ ਹੈ।

-SD-

ARAVIND KUMAR M.K.

State Project Director SSA PB

ਪਿੱਠ ਅੰਕਣ ਨੰ: :E-850736/DGSE-SSA0NSQF/6/2025-SSA-DGSE I/1544806/2026/1-3

ਮਿਤੀ, ਐਸ.ਏ.ਐਸ ਨਗਰ:-02/11/2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲਾ SNA ਖਜਾਨਾ ਦਫਤਰ, ਪੰਜਾਬ, ਸੈਕਟਰ-17, ਚੰਡੀਗੜ
2. ਮਹਾਂਲੇਖਾਕਾਰ, ਪੰਜਾਬ, ਸੈਕਟਰ-17, ਚੰਡੀਗੜ
3. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿ.)

Project Leave

Deputy State Project Director

Samagra Shiksha Abhiyan Punjab